੧ ੴ ਸਤਿਗੁਰਪ੍ਰਸਾਦਿ ॥

ਰਸ ਦਾਇਕ
ਅਸਚਰਜ ਨਾਵਲ

# ਸ਼ੈਤਾਨ ਦਾ ਪੁਜਾਰੀ

G.133A


— ਪ੍ਰਕਾਸ਼ਕ —

**ਭਾ: ਚਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ

(ਕੇਵਲ ਟਾਈਟਲ) ਪਾਪੂਲਰ ਪ੍ਰੈਸ ਹਾਲ ਬਾਜ਼ਾਰ
ਅਮ੍ਰਿਤਸਰ ਵਿਚ ਛਪਿਆ

ਰਸਦਾਇਕ ਸਵਾਦਲਾ ਨਾਵਲ

# ਸ਼ੈਤਾਨ ਦਾ ਪੁਜਾਰੀ

ਅਰਥਾਤ

ਜਗਤ ਪ੍ਰਸਿੱਧ ਨਾਵਲਸਿਟ ਮਿਸਟਰ "ਰੈਨਲਡਸ"
ਦਾ ਮਸ਼ਹੂਰ ਨਾਵਲ "ਨੈਕਰੋ ਮੈਨੇਸਰ"
ਦਾ ਸੰਖੇਪ ਪੰਜਾਬੀ ਉਲਥਾ

ਉਲਥਾ ਕਾਰ

## ਗੁਰਮੁਖ ਸਿੰਘ "ਗੁਰਮੁਖ"

ਪ੍ਰਕਾਸ਼ਕ

**ਭਾਈ ਚਤਰ ਸਿੰਘ ਜੀਵਨ ਸਿੰਘ**
ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

---

ਭਾਈ ਠਾਕਰ ਸਿੰਘ ਮੈਨੇਜਰ ਦੇ ਪਰਬੰਧ ਨਾਲ
ਭਾਰਤ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ

੧ ੴ ਸਤਿਗੁਰਪ੍ਰਸਾਦਿ ॥

# ਸ਼ੈਤਾਨ ਦਾ ਪੁਜਾਰੀ

## ਪ੍ਰਕਰਨ ਪਹਿਲਾ

### ਜਾਦੂ ਦਾ ਕਿਲਾ

ਸਾਡੀ ਕਹਾਣੀ ਸੰਨ ੧੫੧੦ ਈਸਵੀ ਵਿਚ ਸ਼ੁਰੂ ਹੁੰਦੀ ਹੈ ਅਤੇ ਇਸਦਾ ਘਟਨਾ ਸਥਾਨ ਇੰਗਲਿਸਤਾਨ (ਵਲੈਤ) ਹੈ ਰਾਤ ਦਾ ਸਮਾ ਹੈ ਪ੍ਰੰਤੂ ਚੰਦ ਦੀ ਚਾਂਦਨੀ ਅਤੇ ਤਾਰਿਆਂ ਦੀ ਮਧਮ ਰੋਸ਼ਨੀ ਕਰਕੇ ਇਹ ਰਾਤ ਓਹਨਾਂ ਸੁਹਾਉਨੀਆਂ ਰਾਤਾਂ ਵਿਚੋਂ ਇਕ ਦੀ ਤਰਾਂ ਹੈ ਜੋ ਕਦੇ ਕ ਮਾਰਚ ਦੇ ਮਹੀਨੇ ਜਦੋ ਗੁਲਾਬੀ ਰੁਤ ਦਾ ਆਰੰਭ ਹੁੰਦਾ ਹੈ ਵੇਖੀ ਜਾਂਦੀ ਹੈ ਚੰਦ ਰੂਪੀ ਚਾਨਣੇ ਦੇ ਸੋਮੇਂ ਤੋ ਇਕ ਨੈਹਰ ਨਿਕਲਕੇ ਓਚੇ ਪਰਬਤਾਂ ਦੀਆ ਚੋਟੀਆਂ ਅਤ ਕਿਲੇ ਦੇ ਕਿੰਗਰਿਆਂ, ਗਰੀਬਾਂ ਦੀਆਂ ਟਪਰੀਆਂ ਅਤੇ ਪ੍ਰਿਥਵੀ ਦੀ ਤੈਹ ਦੇ ਉਪਰ ਇਕ ਚਿਟੀ ਚਾਦਰ ਵਿਛ ਗਈ ਹੈ ਖੁਦਾ ਦੀ ਖੁਦਾਈ ਇਸ ਸਮੇਂ ਮਿਠੀ ਨੀਂਦ ਦੇ ਮਜੇ ਲੁਟ ਰਹੀ ਹੈ ਸਾਹਮਣੇ ਇਕ ਓਚੇਰੀ ਅਟਾਰੀ ਦੀਆਂ ਖਿੜਕੀਆਂ ਵਿਚਦੀ ਚੰਦ ਦੀਆਂ ਸਾਫ ਸੁਥਰੀਆਂ ਕਿਰਨਾਂ ਲੰਘ ਰਹੀਆਂ ਹਨ ਜਿਨ੍ਹਾਂ ਦਵਾਰਾ ਅੰਦਰ ਦਾ ਸਭ ਚਿਤ੍ਰ ਦਖਾਈ ਦੇ ਰਿਹਾ ਹੈ

ਉਸ ਅਟਾਹੀ ਵਤ ਓਚੇ ਮਕਾਨ ਦੀਆਂ ਕੰਧਾਂ ਉਪਰ ਪੁਰਾਣੇ ਜ਼ਮਾਨੇ ਦੇ ਰਵਾਜ ਮੂਜਬ ਜੰਗ ਦੇ ਹਥਿਆਰ ਲਟਕ ਰਹੇ ਹਨ ਕਮਰੇ ਦਾ ਫਰਸ਼ ਸਫੈਦ ਤੇ ਸਿਆਹ ਪਥਰਾਂ ਦਾ ਬਣਿਆ ਹੋਇਆ ਹੈ ਅਤੇ ਘਰ ਦੀ ਹਰ ਵਸਤੂ ਬੜੀ ਜੁਗਤ ਨਾਲ ਰਖੀ ਹੋਈ ਹੈ ਪ੍ਰੰਤੂ ਫਰਸ਼ ਅਤੇ ਕੰਧਾਂ ਦੇ ਘਟੇ ਨਾਲ ਭਰੇ ਹੋਣ ਕਰਕੇ ਅਤੇ ਜੰਗੀ ਹਥਿਆਰਾਂ ਨੂੰ ਜੰਗਾਲ ਲਗਾ ਹੋਣ ਕਰਕੇ ਅਸੀ ਝਟ ਸਮਝ ਸਕਦੇ ਹਾਂ ਕੇ ਸੰਸਾਰ ਦੇ ਚਕਰ ਨੇ ਯਾ ਤੇ ਇਸ ਕਿਲੇ ( ਰਤੂ ਦੇ ਮਾਲਕਾਂ ਨੂੰ ਮੌਤ ਦੇ ਹਵਾਲੇ ਕਰ ਦਿਤਾ ਹੈ ਯਾ ਉਹ ਇਸਨੂੰ ਛਡਕੇ ਕਿਸੇ ਹੋਰਸ ਦੇਸ ਵਿਚ ਜਾ ਵਸੇ ਹਨ ਇਸ ਵੇਲੇ ਸੰਸਾਰ ਵਿਚ ਹਰ ਪਾਸੇ ਚੁਪ ਵਰਤ ਰਹੀ ਹੈ ਅਤੇ ਵੈਰਾਨ ਕਿਲਾ ਜਿਨਾਂ ਦੀ ਵਸਤੀ ਤੋ ਵੀ ਵਧ ਡਰੌਣਾ ਦਖਾਈ ਦੇਂਦਾ ਹੈ।

ਕੀ ਉਹ ਦੋ ਸਜਣ ਜੋ ਇਸ ਵੇਲ ਕਮਰੇ ਵਿਚ ਆ ਰਹੇ ਹਨ ਜਿਨਾਂ ਦੀ ਨਸਲ ਵਿਚੋਂ ਹਨ? ਨਹੀਂ! ਵੇਖਣ ਤੇ ਤਾਂ ਇਕ ਮਰਦ ਅਤੇ ਦੂਜੀ ਇਸਤ੍ਰੀ ਦਖਾਈ ਦੇਂਦੀ ਹੈ, ਆਹਾ! ਪਹਿਲਾ ਕੈਸਾ ਸੁੰਦਰ ਜਵਾਨ ਹੈ! ਇਸਦਾ ਲੰਮਾ ਕਦ ਸੁੰਦਰ ਵਜ਼ਾ ਕਤਾ ਕਾਲੀਆਂ ਤੇ ਲੰਮੀਆਂ ਮੁਛਾਂ ਇਸਦਾ ਲਾਲ ਸੇਬ ਵਰਗਾ ਚੇਹਰਾ ਜੋ ਇਸਦੀ ਜਵਾਨੀ ਦਾ ਮੂੰਹ ਦਾ ਸਬੂਤ ਹੈ ਉਸਨੂੰ ਸੁੰਦਰਤਾ ਦਾ ਸ਼ਾਹਜਾਦਾ ਦਸ ਰਿਹਾ ਹੈ ਵਾਹ ਪ੍ਰਮ ਤਮਾ ਇਸਦੇ ਸਾਥਨ ਵੀ ਸੁੰਦਰਤਾ ਤੇ ਹੁਸਨ ਵਿਚ ਘਟ ਨਹੀ ਹੈ ਸਗੋਂ ਇਸ ਤੋਂ ਦੋ ਕਦਮ ਅਗੇ ਹੀ ਰਖਦੀ ਹੈ ਜਵਾਨ ਨੌਜਵਾਨਾਂ ਵਿਚੋਂ ਚੋਣਵਾਂ ਹੈ ਤਦ ਸੁੰਦਰੀ ਵੀ ਸੁੰਦਰੀਆਂ ਵਿਚੋਂ ਇਕ ਹੀ ਹੈ ਇਸਦੇ ਹੁਸਨ ਦੀ ਵਡਿਆਈ ਕਰਨ ਮਾਨੋ ਇਹ ਪ੍ਰਗਟ ਕਰਦਾ ਹੈ ਕੇ ਅਸੀ ਉਸਦੇ



ਅਦੁਤੀ ਹੁਸਨ ਨੂੰ ਅਖਰਾਂ ਦਵਾਰਾਂ ਦਖਾ ਸਕਦੇ ਹਾਂ ਜੋ ਬਿਲਕੁਲ ਅਸੰਭਵ ਹੈ ਹਾਂ ਇਸਦੇ ਚੰਦ ਵਰਗੇ ਮੁਖੜੇ ਦੀ ਤਰਾਂ ਇਸਦਾ ਦਿਲ ਵੀ ਨਿਰਮਲ ਤੇ ਸਾਫ ਸੁਥਰਾ ਹੈ ਇਸਦੀ ਉਂਗਲੀ ਵਿਚ ਵਿਆਹ ਦੀ ਅਗੂਠੀ ਪ੍ਰਗਟ ਕਰ ਰਹੀ ਹੈ ਕੇ ਓਹ ਅਜੇ ਤਕ ਕਵਾਰੀ ਕੰਨਿਆਂ ਵਾਂਗ ਹੁਸਨ ਤੇ ਇਸ਼ਕ ਦੇ ਫਸਾਨਿਆਂ ਤੋਂ ਬਿਲਕੁਲ ਹੀ ਕੋਰੀ ਹੈ।

ਜਵਾਨ(ਬੜੇ ਅਦਬ ਤੇ ਲਿਹਾਜ਼ ਨਾਲ)—ਮੇਰੀ ਪਿਆਰੀ ਕਿਤੇ ਤੈਨੂ ਏਥੇ ਸਰਦੀ ਤੇ ਨਹੀ ਲਗਦੀ।

ਇਸਤ੍ਰੀ—ਆਪ ਕਿਉਂ ਕੇ ਮੇਰੇ ਨਾਲ ਹੋ ਇਸ ਲਈ ਇਹ ਅਸਥਾਨ ਆਦਮੀ ਮੁਹਬਤ ਦੀ ਗਰਮੀ ਨਾਲ ਕਿਵੇਂ ਸਰਦ ਹੋ ਸਕਦਾ ਹੈ?

ਇਹ ਆਖਕੇ ਬੜੇ ਨਖਰੇ ਨਾਲ ਤਿਖੀ ਨਜ਼ਰ ਕਰਕੇ ਜਵਾਨ ਵਲ ਤਕਿਆ ਜਿਸਤੋਂ ਇਹ ਪ੍ਰਤੀਤ ਹੁੰਦਾ ਸੀ ਕਿ ਉਹ ਆਪਣਾ ਨਕਦ ਦਿਲ ਉਸਦੀ ਭੇਟਾ ਕਰ ਚੁਕੀ ਸੀ॥

ਜਵਾਨ—ਮੇਰੀ ਪਿਆਰੀ ਕਲਾਰਾ ਤੈਨੂੰ ਪਤਾ ਹੋਣਾ ਹੈ ਕੇ ਇਹ ਮਕਾਨ ਕਿਸੇ ਜਮਾਨੇ ਵਿਚ ਮੇਰੇ ਵਡੇ ਵਡੇਰਿਆਂ ਦਾ ਨਿਵਾਸ ਅਸਥਾਨ ਸੀ ਪ੍ਰੰਤੂ ਪਰਮਾਤਮਾ ਦੀ ਸ਼ਾਨ ਹੁਣ ਇਹ ਉਹਨਾਂ ਦਾ ਹੀ ਕਬਰਸਤਾਨ ਹੈ ਇਸ ਵੇਲੇ ਹਨੇਰੇ ਵਿਚ ਮੇਰੇ ਨਾਲ ਏਥੇ ਆਉਣ ਤੋਂ ਕਿਤੇ ਤੂੰ ਡਰ ਤੇ ਨਹੀ ਗਈ ਕੇ ਅਸੀ ਕਿਥੇ ਭੂਤਾਂ ਦੇ ਘਰ ਵਿਚ ਆ ਵੜੇ ਹਾਂ:—

ਜਦ ਇਸ ਨੌ ਜਵਾਨ ਨੇ ਇਹ ਅਖਰ ਆਖੇ ਤਦ ਇਸਦਾ ਚੇਹਰਾ ਜੋ ਬੜਾ ਮਨਮੋਹਨਾ ਸੀ ਝਟਪਟ ਭਿਆਨਕ ਬਣ ਗਿਆ ਅਤੇ ਉਸਦੀਆਂ ਅਖਾਂ ਵਿਚੋਂ ਚੰਗਿਆੜੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.